# ਵਿਅਕਤੀ ਦੀ ਕਮੇਟੀ (ਕਮੇਟੀ ਆਫ ਦਾ ਪਰਸਨ)

## ਕਦੋਂ ਵਰਤਣੀ ਹੈ

ਜਦੋਂ ਕੋਈ ਬਾਲਗ ਆਪਣੇ ਜਾਤੀ ਕੰਮਾਂ ਕਾਰਾਂ ਸਬੰਧੀ ਫੈਸਲਾ ਕਰਨ ਯੋਗ ਨਾ ਹੋਵੇ ਅਤੇ ਉਸ ਲਈ ਕਿਸੇ ਵੱਡੇ ਡਾਕਟਰੀ ਇਲਾਜ ਬਾਰੇ ਮਹੱਤਵਪੂਰਨ ਫੈਸਲਾ ਕਰਨ ਦੀ ਲੋੜ ਹੋਵੇ, ਤਾਂ ਕੋਈ ਪਰਿਵਾਰ ਦਾ ਵਿਅਕਤੀ ਜਾਂ ਦੋਸਤ ਅਦਾਲਤ ਕੋਲ ਵਿਅਕਤੀ ਦੀ ਕਮੇਟੀ ਵਜੋਂ ਨਿਯੁਕਤੀ ਲਈ ਅਰਜ਼ੀ ਦੇ ਸਕਦਾ ਹੈ। ਕਿਉਂਕਿ ਇਹ ਫੈਸਲੇ ਬਹੁਤ ਜਾਤੀ ਕਿਸਮ ਦੇ ਹੁੰਦੇ ਹਨ ਇਸ ਲਈ ਵਿਅਕਤੀ ਦੀ ਕਮੇਟੀ ਦੇ ਫਰਜ਼ ਪਰਿਵਾਰ ਜਾਂ ਦੋਸਤ ਵਰਗੇ ਕਿਸੇ ਨੇੜਲੇ ਵਿਅਕਤੀ ਵਲੋਂ ਸਭ ਤੋਂ ਵਧੀਆ ਤਰੀਕੇ ਨਾਲ ਨਿਭਾਏ ਜਾ ਸਕਦੇ ਹਨ।

## ਅਧਿਕਾਰ

ਜਦੋਂ ਕਿਸੇ ਵਿਅਕਤੀ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਲੋਂ ਵਿਅਕਤੀ ਦੀ ਕਮੇਟੀ ਵਜੋਂ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਹ ਬਾਲਗ ਵਲੋਂ ਜਾਤੀ ਮਸਲਿਆਂ ਬਾਰੇ ਫੈਸਲੇ ਕਰਨ ਲਈ ਜ਼ਿੰਮੇਵਾਰ ਹੁੰਦਾ/ਹੁੰਦੀ ਹੈ।

## ਅਰਜ਼ੀ ਕਿਵੇਂ ਕਰਨੀ ਹੈ

ਵਿਅਕਤੀ ਉਨ੍ਹਾਂ ਸਾਰੇ ਸਬੂਤਾਂ ਸਮੇਤ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਅਰਜ਼ੀ ਕਰਦਾ ਹੈ ਜਿਹੜੇ ਸਬੂਤ ਅਰਜ਼ੀ ਕਰਨ ਦੇ ਕਾਰਨਾਂ ਦੇ ਹੱਕ ਵਿੱਚ ਹੋਣ। ਇਸਟੇਟ (ਜਾਇਦਾਦ) ਦੀ ਕਮੇਟੀ ਲਈ ਕੀਤੀ ਅਰਜ਼ੀ ਵਾਂਗ ਹੀ ਬਾਲਗ ਦੀ ਅਯੋਗਤਾ ਨੂੰ ਸਥਾਪਤ ਕਰਦੇ ਦੋ ਮੈਡੀਕਲ ਹਲਫਨਾਮਿਆਂ ਦੀ ਜ਼ਰੂਰਤ ਹੁੰਦੀ ਹੈ ਅਤੇ ਜਿੱਥੇ ਕਾਨੂੰਨੀ ਖਰਚਾ ਵੀ ਹੁੰਦਾ ਹੋਵੇ, ਅਦਾਲਤ ਇਹ ਹੁਕਮ ਦੇ ਸਕਦੀ ਹੈ ਕਿ ਉਹ ਖਰਚਾ ਬਾਲਗ ਦੀ ਜਾਇਦਾਦ ਵਿੱਚੋਂ ਭਰਿਆ ਜਾਵੇ।

## ਪਬਲਿਕ ਗਾਰਡੀਅਨ ਅਤੇ ਟਰੱਸਟੀ ਦਾ ਕਰਤੱਵ (ਰੋਲ)

ਪਬਲਿਕ ਗਾਰਡੀਅਨ ਅਤੇ ਟਰੱਸਟੀ ਵਿਕਅਤੀ ਦੀ ਕਮੇਟੀ ਦੀਆਂ ਸਾਰੀਆਂ ਅਰਜ਼ੀਆਂ ਦਾ ਰੀਵਿਊ ਕਰਦਾ ਹੈ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਅਰਜ਼ੀ ਦੇ ਕਾਰਨ ਸਹੀ ਹਨ ਅਤੇ ਜਿਹੜਾ ਵਿਅਕਤੀ ਅਰਜ਼ੀ ਦੇ ਰਿਹਾ ਹੈ ਉਹ ਇਸ ਫਰਜ਼ ਲਈ ਢੁੱਕਵਾਂ ਹੈ। ਪਬਲਿਕ ਗਾਰਡੀਅਨ ਅਤੇ ਟਰੱਸਟੀ ਕੀਤੇ ਰੀਵਿਊ ਦੇ ਅਧਾਰ 'ਤੇ ਅਦਾਲਤ ਨੂੰ ਸਿਫਾਰਿਸ਼ ਕਰਦਾ ਹੈ।

ਉਸ ਹਾਲਤ ਵਿਚ ਜਦੋਂ ਕੋਈ ਪਰਿਵਾਰ ਦਾ ਮੈਂਬਰ ਜਾਂ ਦੋਸਤ ਇਹ ਜ਼ਿੰਮੇਵਾਰੀ ਲੈਣ ਲਈ ਤਿਆਰ ਨਾ ਹੋਵੇ ਤਾਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਵੀ ਵਿਅਕਤੀ ਦੀ ਕਮੇਟੀ ਵਜੋਂ ਨਿਯੁਕਤੀ ਲਈ ਅਰਜ਼ੀ ਦੇ ਸਕਦਾ ਹੈ।

ਹੋਰ ਜਾਣਕਾਰੀ ਲਈ, ਸੰਪਰਕ ਕਰੋ:


**ਪਬਲਿਕ ਗਾਰਡੀਅਨ ਅਤੇ ਟਰੱਸਟੀ ਆਫ ਬ੍ਰਿਟਿਸ਼ ਕੋਲੰਬੀਆ**
**The Public Guardian and Trustee of British Columbia**
#700 - 808 West Hastings Street
Vancouver, B.C. V6C 3L3
ਫੋਨ: (604) 660-4444 ਫੈਕਸ: (604) 775-0207
ਸਾਡੇ ਵੈੱਬਸਾਈਟ ਤੇ ਆਵੋ: www.trustee.bc.ca